Civil Resolution Tribunal

# ਸੀ ਆਰ ਟੀ ਕੀ ਹੈ ਅਤੇ ਮੈਂ ਇਸ ਦੀ ਵਰਤੋਂ ਕਿਸ ਲਈ ਕਰ ਸਕਦਾ/ਸਕਦੀ ਹਾਂ?

## ਸਿਵਲ ਰੈਜ਼ੋਲੂਸ਼ਨ ਟ੍ਰਿਬਿਊਨਲ ਕੀ ਹੈ?

ਸਿਵਲ ਰੈਜ਼ੋਲੂਸ਼ਨ ਟ੍ਰਿਬਿਊਨਲ (ਸੀ ਆਰ ਟੀ) ਸਟਰੈਟਾ ਅਤੇ ਸਮਾਲ ਕਲੇਮਜ਼ ਦੇ ਝਗੜੇ ਹੱਲ ਕਰਨ ਲਈ ਕੈਨੇਡਾ ਦਾ ਪਹਿਲਾ ਔਨਲਾਈਨ ਟ੍ਰਿਬਿਊਨਲ ਹੈ। ਇਹ ਆਪਣੇ ਕਾਨੂੰਨੀ ਮਾਮਲੇ ਸਮੇਂ ਸਿਰ ਅਤੇ ਕਿਫਾਇਤੀ ਢੰਗ ਨਾਲ ਹੱਲ ਕਰਨ ਲਈ ਨਵੇਂ ਤਰੀਕੇ ਪ੍ਰਦਾਨ ਕਰਦਾ ਹੈ। ਸੀ ਆਰ ਟੀ, ਮਤਭੇਦਾਂ ਦਾ ਹੱਲ ਕਰਨ ਲਈ ਰਵਾਇਤੀ ਅਦਾਲਤੀ ਮਾਡਲ ਦੀ ਬਜਾਏ ਸਹਿਯੋਗੀ, ਸਮੱਸਿਆ ਦਾ ਹੱਲ ਕਰਨ ਵਾਲੀ ਪਹੁੰਚ ਨੂੰ ਉਤਸ਼ਾਹ ਦਿੰਦਾ ਹੈ। ਸੀ ਆਰ ਟੀ ਦਾ ਮੰਤਵ ਤੁਹਾਡੀਆਂ ਲੋੜਾਂ ਪੂਰੀਆਂ ਕਰਦੇ ਹੋਏ ਇਨਸਾਫ਼ ਲਈ ਲੱਗਦੇ ਸਮਿਆਂ ਅਤੇ ਪਹੁੰਚ ਵਿਚ ਸੁਧਾਰ ਕਰਨਾ ਹੈ। ਇਹ ਅਜਿਹਾ ਮਤਭੇਦਾਂ ਦੇ ਛੇਤੀ ਤੋਂ ਛੇਤੀ ਹੱਲ ਲਈ, ਜਾਣਕਾਰੀ, ਵਸੀਲੇ ਅਤੇ ਸੇਵਾਵਾਂ ਦੇ ਕੇ ਕਰਦਾ ਹੈ।

ਤੁਸੀਂ ਸੀ ਆਰ ਟੀ ਦੀ ਵਰਤੋਂ ਇੰਟਰਨੈੱਟ ਦੇ ਕੋਨੈਕਸ਼ਨ ਵਾਲੇ ਕਿਸੇ ਕੰਪਿਊਟਰ ਤੋਂ ਜਾਂ ਕਿਸੇ ਮੋਬਾਇਲ ਯੰਤਰ ਤੋਂ ਦਿਨ ਦੇ 24 ਘੰਟੇ ਹਫਤੇ ਦੇ ਸੱਤੇ ਦਿਨ ਕਰ ਸਕਦੇ ਹੋ। ਹਿੱਸਾ ਲੈਣ ਵਾਲੇ ਦੂਜੇ ਵਿਅਕਤੀ ਅਤੇ/ਜਾਂ ਸੀ ਆਰ ਟੀ ਨਾਲ ਤੁਹਾਡਾ ਸੰਪਰਕ ਉਦੋਂ ਕੀਤਾ ਜਾ ਸਕਦਾ ਹੈ ਜਦੋਂ ਇਹ ਕਰਨਾ ਤੁਹਾਡੇ ਲਈ ਆਸਾਨ ਹੋਵੇ।

ਅਸੀਂ ਸੋਚਦੇ ਹਾਂ ਕਿ ਹਿੱਸਾ ਲੈਣ ਵਾਲੇ ਦੂਜੇ ਵਿਅਕਤੀ (ਵਿਅਕਤੀਆਂ) ਨਾਲ ਕਿਸੇ ਸਮਝੌਤੇ ’ਤੇ ਪਹੁੰਚਣ ਲਈ ਤੁਹਾਡੀ ਸਿੱਧੀ ਅਤੇ ਸਰਗਰਮ ਸ਼ਮੂਲੀਅਤ ਇਕ ਮਹੱਤਵਪੂਰਨ ਹਿੱਸਾ ਹੈ। ਅਸੀਂ ਜਾਣਕਾਰੀ ਅਤੇ ਮਦਦ ਨਾਲ ਇਕ ਨਵਾਂ ਤਰੀਕਾ ਪ੍ਰਦਾਨ ਕਰ ਰਹੇ ਹਾਂ ਜਿਸ ਦਾ ਮਕਸਦ ਜਿੰਨੀ ਛੇਤੀ ਹੋ ਸਕੇ ਸੰਤੁਸ਼ਟੀ ਵਾਲਾ ਹੱਲ ਕਰਨ ਵਿਚ ਤੁਹਾਡੀ ਮਦਦ ਕਰਨਾ ਹੈ। ਅਸੀਂ ਤੁਹਾਡੇ ਲਈ ਫੈਸਲਾ ਸਿਰਫ ਤਾਂ ਹੀ ਕਰਾਂਗੇ ਜੇ ਤੁਸੀਂ ਅਤੇ ਹਿੱਸਾ ਲੈਣ ਵਾਲੇ ਦੂਜੇ ਵਿਅਕਤੀ ਆਪਣੇ ਹੱਲ ਬਾਰੇ ਸਹਿਮਤ ਨਾ ਹੋ ਸਕੋ।

## ਮੈਨੂੰ ਸੀ ਆਰ ਟੀ ਦੀ ਵਰਤੋਂ ਕਿਉਂ ਕਰਨੀ ਚਾਹੀਦੀ ਹੈ?

ਕੋਈ ਕਾਨੂੰਨੀ ਸਵਾਲ ਜਾਂ ਸਮੱਸਿਆ ਤੁਹਾਡੀ ਪਹਿਲਾਂ ਹੀ ਰੁਝੇਂਵਿਆਂ ਵਾਲੀ ਜ਼ਿੰਦਗੀ ਵਿਚ ਇਕ ਹੋਰ ਵਾਧਾ ਕਰ ਸਕਦੀ ਹੈ। ਅਸੀਂ ਤੁਹਾਡੀ ਸਟਰੈਟਾ ਜਾਂ ਸਮਾਲ ਕਲੇਮਜ਼ ਸਮੱਸਿਆ ਨੂੰ ਇਸ ਤਰ੍ਹਾਂ ਹੱਲ ਕਰਨਾ ਚਾਹੁੰਦੇ ਹਾਂ ਜਿਹੜੀ ਤੁਹਾਡੇ ਸਮੇਂ ਮੁਤਾਬਕ ਸੂਤ ਬੈਠਦੀ ਹੋਵੇ, ਭਾਵੇਂ ਤੁਸੀਂ ਸੁਵੱਖਤੇ ਜਾਗਣਾ ਪਸੰਦ ਕਰਦੇ ਹੋਵੋ ਜਾਂ ਬਹੁਤ ਲੇਟ ਜਾਗਦੇ ਰਹਿਣਾ ਚਾਹੁੰਦੇ ਹੋਵੋ। ਆਪਣੇ ਮਤਭੇਦ ਦਾ ਹੱਲ ਕਰਨ ਲਈ ਸੀ ਆਰ ਟੀ ਦੀ ਵਰਤੋਂ ਕਰਕੇ, ਤੁਸੀਂ ਅਦਾਲਤ ਜਾਣ ਦੇ ਸਮੇਂ, ਖਰਚੇ ਅਤੇ ਤਣਾਅ ਤੋਂ ਬਚ ਸਕਦੇ ਹੋ।

ਸੀ ਆਰ ਟੀ ਤੁਹਾਨੂੰ ਸੌਖੀ ਜ਼ਬਾਨ ਵਿਚ ਕਾਨੂੰਨੀ ਜਾਣਕਾਰੀ ਦਿੰਦਾ ਹੈ, ਅਤੇ ਪੂਰੀ ਤਰ੍ਹਾਂ ਲਾਗੂ ਹੋ ਜਾਣ ’ਤੇ, ਮਤਭੇਦਾਂ ਦੇ ਹੱਲ ਲਈ ਵੱਖ ਵੱਖ ਤਰ੍ਹਾਂ ਦੇ ਢੰਗ ਪ੍ਰਦਾਨ ਕਰਦਾ ਹੈ ਜਿਸ ਵਿਚ ਸਮਝੌਤੇ ਲਈ ਗੱਲਬਾਤ, ਮਦਦ ਅਤੇ ਫੈਸਲੇ ਸ਼ਾਮਲ ਹਨ। ਤੁਸੀਂ ਸੀ ਆਰ ਟੀ ਦੀ ਵਰਤੋਂ ਉਦੋਂ ਅਤੇ ਉੱਥੇ ਕਰਨ ਦੇ ਯੋਗ ਹੋਵੋਗੇ ਜਿਹੜਾ ਤੁਹਾਡੇ ਲਈ ਸੁਖਾਲਾ ਹੈ; ਘਰ ਵਿਚ, ਕੰਮ ’ਤੇ, ਜਾਂ ਲੋਕਲ ਲਾਇਬਰੇਰੀ ਵਿਚ। ਅਤੇ ਫਾਸਿਲੀਟੇਟਰ (ਮਦਦ ਕਰਨ ਵਾਲਾ) ਕਿਸੇ ਐਗਰੀਮੈਂਟ ’ਤੇ ਪਹੁੰਚਣ ਲਈ ਤੁਹਾਡੇ ਨਾਲ ਅਤੇ ਦੂਜੀ ਧਿਰ ਨਾਲ ਕੰਮ ਕਰੇਗਾ, ਅਤੇ ਜੇ ਲੋੜ ਹੋਵੇ ਤਾਂ ਮਤਭੇਦਾਂ ਦੇ ਹੱਲ ਲਈ ਸੀ ਆਰ ਟੀ ਵਿਚਲੇ ਅਗਲੇ ਕਦਮਾਂ ਲਈ ਤਿਆਰ ਕਰਨ ਲਈ ਵੀ ਕੰਮ ਕਰੇਗਾ।

## ਮੈਂ ਕਿਸ ਕਿਸਮ ਦੇ ਸਟਰੈਟਾ ਮਤਭੇਦ ਸੀ ਆਰ ਟੀ ਕੋਲ ਲਿਆ ਸਕਦਾ/ਸਕਦੀ ਹਾਂ?

ਸੀ ਆਰ ਟੀ ਸਟਰੈਟਾ ਪ੍ਰਾਪਰਟੀਆਂ ਦੇ ਮਾਲਕਾਂ ਅਤੇ ਸਟਰੈਟਾ ਕਾਰਪੋਰੇਸ਼ਨਾਂ ਵਿਚਕਾਰ ਵੱਖ ਵੱਖ ਕਿਸਮਾਂ ਦੇ ਮਸਲਿਆਂ ਦੇ ਹੱਲ ਕਰਵਾ ਸਕਦਾ ਹੈ, ਜਿਵੇਂ ਕਿ:

- ਮਹੀਨਾਵਾਰ ਸਟਰੈਟਾ ਫੀਸਾਂ ਜਾਂ ਜੁਰਮਾਨਿਆਂ ਦੀ ਨਾ ਕੀਤੀ ਗਈ ਅਦਾਇਗੀ
- ਸਟਰੈਟਾ ਕਾਰਪੋਰੇਸ਼ਨ ਜਾਂ ਕੰਪਲੈਕਸ ਵਿਚ ਅੱਧੀਆਂ ਨਾਲੋਂ ਜ਼ਿਆਦਾ ਲੌਟਾਂ ਦੇ ਮਾਲਕਾਂ ਵਲੋਂ ਕੀਤੀਆਂ ਗਈਆਂ ਨਾਵਾਜਬ ਕਾਰਵਾਈਆਂ
- ਸਟਰੈਟਾ ਬਾਈਲਾਅਜ਼ (ਜਿਵੇਂ ਕਿ ਰੌਲਾ, ਪਾਲਤੂ ਜਾਨਵਰ, ਪਾਰਕਿੰਗ, ਕਿਰਾਏਦਾਰ) ਦੀ ਨਾਵਾਜਬ ਜਾਂ ਅਨਿਯਮਤ ਤਾਮੀਲ
- ਸਟਰੈਟਾ ਦਾ ਆਪਣੇ ਬਾਈਲਾਅਜ਼ ਲਾਗੂ ਕਰਨ ਵਿਚ ਫੇਲ੍ਹ ਹੋਣਾ
- ਮੁਰੰਮਤਾਂ ਲਈ ਮਾਇਕ ਜ਼ਿੰਮੇਵਾਰੀ ਅਤੇ ਸੇਵਾਵਾਂ ਲਈ ਨਿਲਾਮੀ ਦੀ ਬੋਲੀ (ਬਿਡਜ਼) ਦੀ ਚੋਣ ਦੇ ਮਸਲੇ
- ਮੀਟਿੰਗਾਂ, ਵੋਟਿੰਗ, ਕਾਰਵਾਈ ਦੀ ਰਿਕਾਰਡਿੰਗ ਜਾਂ ਕੀਤੇ ਜਾਣ ਵਾਲੇ ਹੋਰ ਕੰਮਾਂ ਵਿਚ ਬਕਾਇਦਗੀਆਂ
- ਕਾਨੂੰਨ, ਨਿਯਮਾਂ ਜਾਂ ਬਾਈਲਾਅਜ਼ ਦੀ ਵਿਆਖਿਆ
- ਸਾਂਝੀ ਪ੍ਰਾਪਰਟੀ ਨਾਲ ਸੰਬੰਧਿਤ ਮਸਲੇ

ਟ੍ਰਿਬਿਊਨਲ ਜ਼ਮੀਨ ਦੀ ਮਾਲਕੀ ਨਾਲ ਸੰਬੰਧਿਤ ਮਸਲਿਆਂ ਦਾ ਫੈਸਲਾ ਕਰਨ ਦੇ ਯੋਗ ਨਹੀਂ ਹੋਵੇਗਾ।